

# ਪੰਜਾਬੀ ਨਾਟ-ਚਿੰਤਨ
# ਵਿਭਿਨ ਪਸਾਰ


ਸੰਪਾਦਕ

**ਮਨਦੀਪ ਸਿੰਘ**


Scanned with CamScanner

Published By
**Rethink Publisher**
Vill. Fatehgarh Chhanna
P.O. Deh-Kalan
Teh./Distt. Sangrur-148034

Sub-Office: 73A, Nilothi Ext.,
Vikaspuri Ext., Chandar Vihar,
New Delhi-110041

Website: www.rethinkpublisher.com
E-mail: sales@rethinkpublisher.com
Phone: 91 94648-95424

ISBN: 978-93-94737-43-3
Year: 2023
Price: 249/-

© Publisher

---

**ਚੇਤਾਵਨੀ**

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ. ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਜਾਂ ਅੱਗੇ ਭੇਜਣ ਵਾਲੇ ਵਿਅਕਤੀ ਖ਼ਿਲਾਫ਼ ਕਾਪੀ-ਰਾਈਟ ਐਕਟ ਦੇ ਅਧੀਨ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

Punjabi Naat-Chintan: Voibhin Pasar
Ed. By Mandeep Singh

Printed at:
D.K. Fine Art. Pvt. Ltd.
New Delhi.

Scanned with CamScanner

## ਤਤਕਰਾ


1. ਸੰਪਾਦਕੀ 9
2. ਬਲਵੰਤ ਗਾਰਗੀ ਦੀ ਨਾਟ-ਭਾਸ਼ਾ 16
   ਡਾ. ਹਰਜਿੰਦਰ ਸਿੰਘ
3. ਵਪਾਰਕ ਪੰਜਾਬੀ ਰੰਗਮੰਚ ਦਾ ਮੁਹਾਂਦਰਾ 24
   ਡਾ. ਬਲਵਿੰਦਰ ਸਿੰਘ
4. ਪਾਲੀ ਭੁਪਿੰਦਰ ਰਚਿਤ ਪੁਸਤਕ ਪੰਜਾਬੀ ਨਾਟਕ ਅਤੇ ਨਾਟ ਚਿੰਤਨ ਦਾ ਅਧਿਐਨ 49
   ਡਾ. ਬਲਕਰਨ ਸਿੰਘ ਭਾਗਸਾਰੀਆ
5. ਚਰਨਦਾਸ ਸਿੱਧੂ ਦੀ ਨਾਟ-ਚੇਤਨਾ 58
   ਡਾ. ਹਰਪ੍ਰੀਤ ਸਿੰਘ
6. ਲੋਕ ਨਾਟ-ਰੂਪ 'ਖਿਉੜੇ' : ਸੰਕਲਨ ਤੇ ਸਰੂਪ 67
   ਡਾ. ਪਰਮਪਾਲ ਸਿੰਘ
7. ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਦਲਿਤ ਚੇਤਨਾ 75
   ਮਨਦੀਪ ਸਿੰਘ
8. ਹਰਿਭਜਨ ਸਿੰਘ ਭਾਟੀਆ ਦਾ ਨਾਟ ਚਿੰਤਨ 81
   ਡਾ. ਕਮਲਜੀਤ ਕੌਰ
9. ਯੁਵਕ ਮੇਲਿਆਂ ਦੇ ਮੰਚ ਤੋਂ ਪੇਸ਼ ਰੂਪਾਂਤਰਿਕ ਨਾਟਕ : ਇਕ ਅਧਿਐਨ 98
   ਹਰਜਿੰਦਰ ਸਿੰਘ
10. ਕੈਨੇਡੀਅਨ ਪੰਜਾਬੀ ਨਾਟਕਕਾਰ ਕੁਲਵਿੰਦਰ ਖਹਿਰਾ ਦੇ ਨਾਟਕਾਂ ਵਿਚਲੇ ਮੂਲ ਸਰੋਕਾਰ 109
    ਡਾ. ਮੀਨਾਕਸ਼ੀ


Scanned with CamScanner

# ਬਲਵੰਤ ਗਾਰਗੀ ਦੀ ਨਾਟ-ਭਾਸ਼ਾ

ਆਧੁਨਿਕ ਪੰਜਾਬੀ ਨਾਟ-ਜਗਤ ਵਿਚ ਬਲਵੰਤ ਗਾਰਗੀ ਅਜਿਹੇ ਬਹੁਪੱਖੀ ਪ੍ਰਤਿਭਾ ਵਾਲੇ ਨਾਟ-ਸਿਰਜਕ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਸ ਨੇ ਪੰਜਾਬੀ ਨਾਟ-ਵਿਧਾ ਨੂੰ ਵਿਸ਼ੇ, ਭਾਸ਼ਾ ਅਤੇ ਤਕਨੀਕ ਪੱਖੋਂ ਨਵੀਆਂ ਸੰਭਾਵਨਾਵਾਂ ਦਿੱਤੀਆਂ ਹਨ। ਆਧੁਨਿਕ ਪੰਜਾਬੀ ਨਾਟ-ਵਿਧਾ ਨੂੰ ਭਾਰਤੀ ਤੇ ਪੰਜਾਬੀ ਲੋਕ-ਨਾਟ ਪਰੰਪਰਾ ਅਤੇ ਪੱਛਮੀ ਅਤਿ-ਵਿਕਸਿਤ ਨਾਟ-ਵਿਧਾ ਦੇ ਅੰਤਰ-ਸੰਵਾਦੀ ਸੰਬੰਧਾਂ ਵਿਚੋਂ ਉਸਾਰ ਕੇ ਚਿਹਨਾਂ, ਪ੍ਰਤੀਕਾਂ ਰਾਹੀਂ ਮਾਨਵੀ ਜੀਵਨ ਦੇ ਕਰੂਰ ਯਥਾਰਥ ਨੂੰ ਕਲਾਤਮਿਕ ਪੁੱਠ ਦੇ ਕੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਵਿਚ ਬਲਵੰਤ ਗਾਰਗੀ ਦੀ ਨਾਟ-ਸੂਝ ਨੂੰ ਪਛਾਣਿਆ ਜਾ ਸਕਦਾ ਹੈ। ਉਹ ਮੁੱਢਲੇ ਪੰਜਾਬੀ ਨਾਟਕਕਾਰਾਂ ਦੇ ਸਮਾਜ-ਸੁਧਾਰਕ ਏਜੰਡੇ ਨੂੰ ਦਰਪੇਸ਼ ਸਥਿਤੀਆਂ/ਪ੍ਰਸਥਿਤੀਆਂ ਦੇ ਸੰਦਰਭ ਵਿਚ ਨਵੇਂ ਵਿਸਤਾਰ ਦੇਣ ਹਿੱਤ ਵਿਆਪਕ ਨਾਟ-ਦ੍ਰਿਸ਼ਟੀ ਅਤੇ ਵਿਸ਼ਾਲ ਜੀਵਨ ਅਨੁਭਵ ਨੂੰ ਆਧਾਰ ਵਜੋਂ ਗ੍ਰਹਿਣ ਕਰਦਾ ਹੋਇਆ ਵਿਸ਼ਵ-ਨਾਟ ਦੀਆਂ ਵਿਭਿੰਨ ਵਿਧੀਆਂ/ਸ਼ੈਲੀਆਂ ਨੂੰ ਆਤਮਸਾਤ ਕਰਦਾ ਹੈ। ਇਸ ਤਰ੍ਹਾਂ ਉਹ ਕਿਸੇ ਵਿਚਾਰਧਾਰਾ ਦਾ ਪਿੱਛਲੱਗ ਨਹੀਂ ਬਣਦਾ ਸਗੋਂ ਵਿਭਿੰਨ ਵਿਚਾਰਧਾਰਕ ਮੁਹਾਜਾਂ ਦੇ ਅੰਤਰ-ਸੰਵਾਦੀ ਸੰਬੰਧਾਂ ਵਿਚੋਂ ਪੈਦਾ ਹੁੰਦੀ ਅਜਿਹੀ ਨਾਟ-ਸੂਝ ਦਾ ਹਾਮੀ ਬਣਦਾ ਹੈ ਜਿਹੜੀ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀਆਂ ਵਿਭਿੰਨ ਜਟਿਲਤਾਵਾਂ ਨੂੰ ਨਾਟ-ਵਿਧਾ ਦਾ ਵਸਤੂ ਬਣਾਉਂਦੀ ਹੋਈ ਪਾਠਕ/ਦਰਸ਼ਕ ਨੂੰ ਸੋਚਣ ਦੀ ਕਿਰਿਆ ਵਿਚ ਪਾ ਦਿੰਦੀ ਹੈ। ਇਸ ਨਾਟ-ਸੂਝ ਦਾ ਹੀ ਪ੍ਰਤਾਪ ਹੈ ਕਿ ਉਹ ਪੰਜਾਬੀ ਨਾਟ-ਵਿਧਾ ਨੂੰ ਜਿਥੇ ਵਿਸ਼ੇ ਤੇ ਤਕਨੀਕ ਪੱਖੋਂ ਨਵੇਂ ਆਯਾਮ ਦਿੰਦਾ ਹੈ ਉੱਥੇ ਵਿਲੱਖਣ ਤੇ ਪ੍ਰਭਾਵਸ਼ਾਲੀ ਨਾਟ-ਭਾਸ਼ਾ ਦੀ ਸਿਰਜਣਾ ਵੀ ਕਰਦਾ ਹੈ।

ਭਾਸ਼ਾ ਜਾਂ ਉਪ-ਭਾਸ਼ਾ ਕਿਸੇ ਵੀ ਲੇਖਕ ਦੇ ਵਿਚਾਰਾਂ ਨੂੰ ਸਾਕਾਰ ਕਰਨ ਦਾ ਮੁਢਲਾ ਤੇ ਅਹਿਮ ਮਾਧਿਅਮ ਹੈ। ਹਰ ਲੇਖਕ ਆਪਣੀ ਸਮਰੱਥਾ ਅਤੇ ਵਿਧਾ ਦੀਆਂ ਲੋੜਾਂ ਅਨੁਸਾਰ ਭਾਸ਼ਾਈ-ਜੁਗਤਾਂ ਦੀ ਵਰਤੋਂ ਕਰਕੇ ਆਪਣੀ ਸਿਰਜਣਾ ਨੂੰ ਵਿਲੱਖਣ ਤੇ ਪ੍ਰਭਾਸ਼ਾਲੀ ਬਣਾਉਣ ਦਾ ਯਤਨ ਕਰਦਾ ਹੈ। ਕਿਸੇ ਖ਼ਾਸ ਪੈਟਰਨ ਵਿਚ ਕੀਤੀ ਭਾਸ਼ਾਈ ਚਿਹਨਾਂ ਦੀ ਵਰਤੋਂ ਕਿਸੇ ਲੇਖਕ ਦੀ



Scanned with CamScanner

ਵਿਲੱਖਣ ਪਛਾਣ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਸਾਹਿਤਕ ਭਾਸ਼ਾ ਦੇ ਦੋ ਰੂਪ ਮੰਨੇ ਜਾਂਦੇ ਹਨ:- ਪਹਿਲਾ 'ਕਾਵਿ' (ਕਵਿਤਾ) ਦੀ ਭਾਸ਼ਾ ਅਤੇ ਦੂਜਾ ਗੱਦ (ਗਲਪ) ਦੀ ਭਾਸ਼ਾ। ਆਧੁਨਿਕ ਦੌਰ ਦੇ ਸਾਹਿਤ ਵਿਚ ਖੇਤਰੀ ਭਾਸ਼ਾਵਾਂ/ਉਪ-ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਜਿਸ ਕਾਰਨ ਸਾਹਿਤ-ਸਿਰਜਨਾਵਾਂ ਵਿਚੋਂ ਕਿਸੇ ਵਿਸ਼ੇਸ਼ ਆਂਚਲਿਕਤਾ ਦੇ ਵਿਭਿੰਨ ਪਾਸਾਰਾਂ ਨੂੰ ਪਛਾਣਿਆ ਜਾ ਸਕਦਾ ਹੈ। ਉਪ-ਭਾਸ਼ਾ ਜਾਂ ਬੋਲੀ ਅਸਲ ਵਿਚ ਲੋਕ-ਬੋਲੀ ਹੁੰਦੀ ਹੈ ਜੋ ਸਾਹਿਤ-ਸਿਰਜਨਾਵਾਂ ਦੀ ਰੂਹ ਬਣ ਕੇ ਉਨ੍ਹਾਂ ਦੀ ਵੱਥ ਵਿਚ ਨਿਹਿਤ ਰਹਿੰਦੀ ਹੈ। ਇਹੋ ਵਜ੍ਹਾ ਹੈ ਕਿ ਜਿਹੜੇ ਲੇਖਕ ਲੋਕ-ਭਾਸ਼ਾਈ ਮੁਹਾਵਰੇ ਵਿਚ ਆਪਣੀਆਂ ਰਚਨਾਵਾਂ ਦੀ ਸਿਰਜਨਾ ਕਰਦੇ ਹਨ ਉਹ ਵਧੇਰੇ ਮਕਬੂਲ ਹੋ ਜਾਂਦੇ ਹਨ। ਇਸ ਪਰਿਪੇਖ ਵਿਚ ਬਲਵੰਤ ਗਾਰਗੀ ਦੇ ਨਾਟਕਾਂ ਨੂੰ ਵੇਖਿਆਂ ਸਪੱਸ਼ਟ ਹੁੰਦਾ ਹੈ ਕਿ ਉਹ ਮਾਲਵੇ ਦੇ ਪੇਂਡੂ-ਸਭਿਆਚਾਰਕ ਜੀਵਨ-ਯਥਾਰਥ ਨੂੰ ਆਪਣੇ ਨਾਟਕਾਂ ਵਿਚ ਰੂਪਾਂਤਰਿਤ ਕਰਨ ਦੇ ਯਤਨ ਹਿਤ ਪੇਂਡੂ-ਮਲਵਈ ਭਾਸ਼ਾ ਨੂੰ ਕਾਵਿਕ ਰੰਗਣ ਦੇ ਕੇ, ਉਸ ਨੂੰ ਮਾਂਜ-ਸੰਵਾਰ ਕੇ ਦੋਹਰੇ ਅਰਥ ਸਿਰਜਣ ਲਈ ਨਾਟ-ਜੁਗਤ ਵਜੋਂ ਵਰਤਦਾ ਹੈ।

ਬਲਵੰਤ ਗਾਰਗੀ ਦੇ ਨਾਟਕਾਂ ਦਾ ਵਸਤੂ-ਜਗਤ ਮਲਵਈ ਸਮਾਜ-ਸਭਿਆਚਾਰ ਨਾਲ ਵਾਬਿਸਤਾ ਹੋਣ ਕਰਕੇ ਇਨ੍ਹਾਂ ਦੀ ਕੇਂਦਰੀ ਸੰਚਾਰ ਪ੍ਰਕਿਰਿਆ ਦਾ ਪੂਰਾ ਦਾਰੋ-ਮਦਾਰ ਮਲਵਈ ਉਪ-ਭਾਸ਼ਾਈ ਮੁਹਾਵਰੇ 'ਤੇ ਨਿਰਭਰ ਕਰਦਾ ਹੈ। ਕਿਸੇ ਵੀ ਸਭਿਆਚਾਰਕ ਖਿੱਤੇ ਵਿਚ ਤਾਕਤਵਰ ਧਿਰਾਂ ਵੱਲੋਂ ਸਿਰਜੀ ਗਈ 'ਭਾਸ਼ਾ' ਪ੍ਰਵਚਨਾਂ ਦੇ ਰੂਪ ਵਿਚ ਕਾਰਜਗਤ ਹੁੰਦੀ ਹੈ। "ਜਾਤੀ ਤੇ ਜਮਾਤੀ ਸਮਾਜ ਵਿਚ ਸਾਰੀਆਂ ਸਭਿਆਚਾਰਕ ਸਿਰਜਨਾਵਾਂ ਆਰਥਿਕਤਾ ਉਪਰ ਉਸਰਦੀਆਂ ਹਨ ਅਤੇ ਭਾਸ਼ਾਈ ਵਰਤਾਰਿਆਂ ਰਾਹੀਂ ਸਥਾਪਤ ਹੁੰਦੀਆਂ ਹਨ। ਭਾਸ਼ਾ ਦੀ ਸੰਰਚਨਾਕਾਰੀ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰ ਕੇ ਅਵਚੇਤਨ ਦਾ ਅੰਗ ਬਣ ਜਾਂਦੀ ਹੈ ਅਤੇ ਇਹ ਜਾਤੀ-ਜਮਾਤੀ ਸੰਬੰਧਾਂ ਨੂੰ ਨਿਰਧਾਰਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਂਦੀ ਹੈ। ਕਿਸੇ ਵੀ ਵਿਸ਼ੇਸ਼ ਖਿੱਤੇ ਦੇ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਵਸਦੇ ਬਸ਼ਿੰਦਿਆਂ ਦੇ ਜੀਵਨ-ਵਿਵਹਾਰ ਦੇ ਪੈਟਰਨਾਂ ਨੂੰ ਘੜ੍ਹਨ ਵਿਚ ਲੋਕ-ਮੁਹਾਵਰੇ ਵਾਲੀ ਭਾਸ਼ਾ ਅਤੇ ਆਰਥਿਕਤਾ ਦੇ ਪੈਦਾਵਾਰੀ ਸਾਧਨ ਅਤੇ ਇਨ੍ਹਾਂ ਸਾਧਨਾਂ ਨੂੰ ਜਟਾਉਣ ਤੇ ਇਨ੍ਹਾਂ ਦੀ ਘੱਟ-ਵੱਧ ਮਾਲਕੀ ਲਈ ਕੀਤਾ ਸੰਘਰਸ਼ ਆਧਾਰੀ ਜ਼ਮੀਨ ਤਿਆਰ ਕਰਦੇ ਹਨ।"[1] ਇਸ ਤਰ੍ਹਾਂ ਭਾਰੂ ਧਿਰ ਵੱਲੋਂ ਆਪਣੀ ਸਭਿਆਚਾਰਕ ਤੇ ਭਾਸ਼ਾਈ ਸਰਦਾਰੀ (Hegemony) ਕਾਇਮ ਰੱਖਣ ਲਈ ਵਿਸ਼ੇਸ਼ ਕਿਸਮ ਦੇ ਭਾਸ਼ਾ ਚਿਹਨਾਂ ਦੀ ਸਿਰਜਣਾ ਕੀਤੀ ਜਾਂਦੀ ਹੈ। ਇਹ ਭਾਸ਼ਾਈ ਚਿਹਨ ਅੱਗੋਂ ਮਿਥਾਂ ਦੇ ਰੂਪ ਵਿਚ ਭਾਸ਼ਾਈ ਪ੍ਰਵਚਨਾਂ ਵਿਚ ਵੱਟ ਕੇ ਲੋਕ-ਸਮੂਹ ਦਾ ਅੰਗ ਬਣੀਆਂ ਰਹਿੰਦੀਆਂ ਹਨ। ਇਉਂ ਮਲਵਈ ਸਮਾਜ-



Scanned with CamScanner

ਸਭਿਆਚਾਰ ਦੇ ਬਸ਼ਿੰਦਿਆ ਦੇ ਜੀਵਨ-ਵਿਵਹਾਰ ਦਾ ਅੰਗ ਬਣੇ ਇਹਨਾਂ ਭਾਸ਼ਾਈ ਚਿਹਨਾਂ ਨੂੰ ਡੀਕੋਡ ਕਰਨ ਲਈ ਬਲਵੰਤ ਗਾਰਗੀ ਨੇ ਆਪਣੇ ਨਾਟਕਾਂ ਵਿਚ ਵਿਸ਼ੇਸ਼ ਕਿਸਮ ਦੇ ਭਾਸ਼ਾਈ ਚਿਹਨਾਂ, ਪ੍ਰਤੀਕਾਂ ਨੂੰ ਨਾਟ-ਜੁਗਤ ਵਜੋਂ ਵਰਤਿਆ ਹੈ।

ਬਲਵੰਤ ਗਾਰਗੀ ਆਪਣੇ ਨਾਟਕਾਂ ਵਿਚ ਮਲਵਈ ਸਭਿਆਚਾਰਕ ਸੰਕਟਾਂ ਨੂੰ ਮਲਵਈ ਲੋਕ-ਚੇਤਨਾ ਦਾ ਅੰਗ ਬਣਾਉਣ ਦੇ ਮੰਤਵ ਤਹਿਤ ਮਲਵਈ ਭਾਸ਼ਾ ਦੇ ਲੋਕ-ਮੁਹਾਵਰੇ ਨੂੰ ਨਾਟ-ਜੁਗਤ ਵਜੋਂ ਵਰਤਦਾ ਹੈ। ਉਹ ਭਲੀ-ਭਾਂਤ ਜਾਣਦਾ ਹੋਵੇਗਾ ਕਿ "ਜਦੋਂ ਨਾਟਕਕਾਰ ਲੋਕਾਂ ਦੇ ਸੁੱਖਾਂ-ਦੁੱਖਾਂ ਦੀ ਗੱਲ, ਉਨ੍ਹਾਂ ਦੀ ਜਾਣੀ-ਪਛਾਣੀ ਸਭਿਆਚਾਰਕ-ਭਾਸ਼ਾ ਵਿਚ ਕਰਦਾ ਹੈ, ਤਾਂ ਲੋਕ ਅਜਿਹੇ ਨਾਟਕ ਨਾਲ ਵਧੇਰੀ ਸਿੱਦਤ ਨਾਲ ਜੁੜਦੇ ਹਨ। ਇਸ ਭਾਸ਼ਾ ਵਿਚਲੀਆਂ ਰੂੜ੍ਹੀਆਂ, ਚਿੰਨ੍ਹ ਅਤੇ ਇਸ ਦਾ ਮੁਹਾਵਰਾ ਉਨ੍ਹਾਂ ਨੂੰ ਇਕ ਅਪਣੱਤ ਦਾ ਅਹਿਸਾਸ ਕਰਵਾਉਂਦਾ ਹੈ।"[2] ਇਸ ਤਰ੍ਹਾਂ ਬਲਵੰਤ ਗਾਰਗੀ ਲੋਕ-ਭਾਸ਼ਾ ਨੂੰ ਨਾ-ਕੇਵਲ ਸੁਚੇਤ ਪੱਧਰ 'ਤੇ ਆਪਣੇ ਨਾਟਕਾਂ ਵਿਚ ਵਰਤਦਾ ਹੈ ਸਗੋਂ ਉਸ ਦੇ ਸੰਚਾਰ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਵੀ ਤਲਾਸ਼ਦਾ ਹੈ। ਇਹ ਉਸ ਵਲੋਂ ਆਪਣੇ ਨਾਟਕਾਂ ਵਿਚ ਵਰਤੀ ਵਿਲੱਖਣ ਦੇ ਪ੍ਰਭਾਵਸ਼ਾਲੀ ਲੋਕ-ਮੁਹਾਵਰੇ ਵਾਲੀ ਭਾਸ਼ਾ ਦਾ ਹੀ ਪ੍ਰਤਾਪ ਹੈ ਕਿ ਉਸ ਦੇ ਨਾਟਕਾਂ ਨਾਲ ਨਾ-ਕੇਵਲ ਪਿੰਡਾਂ ਦੇ ਸਾਧਾਰਨ ਪਾਠਕਾਂ/ਦਰਸ਼ਕਾਂ ਦੀ ਅਟੁੱਟ ਸਾਂਝ ਬਣਦੀ ਹੈ ਸਗੋਂ ਸ਼ਹਿਰੀ ਮੱਧ-ਵਰਗ ਵੀ ਇਨ੍ਹਾਂ ਨਾਲ ਨੇੜਿਓਂ ਜੁੜਿਆ ਜਾਪਦਾ ਹੈ। ਆਪਣੇ ਨਾਟਕਾਂ ਵਿਚ ਪ੍ਰਯੁਕਤ ਵਿਸ਼ੇਸ਼ ਉਪ-ਭਾਸ਼ਾਈ ਮੁਹਾਵਰੇ ਅਤੇ ਪਾਤਰਾਂ ਦੀ ਸਥਿਤੀ ਤੇ ਸ਼ਖ਼ਸ਼ੀਅਤ ਅਨੁਸਾਰ ਉਹ ਮਾਲਵੇ ਦੇ ਲੋਕ-ਸਭਿਆਚਾਰ ਨੂੰ ਉਸ ਦੀਆਂ ਅਵਚੇਤਨੀ ਪਰਤਾਂ ਤੋਂ ਉਜਾਗਰ ਕਰਨ ਅਤੇ ਯਥਾਰਥਵਾਦੀ ਨਾਟ-ਸ਼ੈਲੀ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਪਾਲਣ ਦਾ ਦੂਹਰਾ ਕਾਰਜ ਕਰਦਾ ਹੈ। ਮਲਵਈ ਭਾਸ਼ਾ ਦੇ ਲੋਕ-ਮੁਹਾਵਰੇ ਵਿਚ ਵਾਰਤਾਲਾਪ ਕਰਦੇ ਨਾਟਕਾਂ ਦੇ ਪਾਤਰ ਨਾ-ਕੇਵਲ ਵਾਸਤਵਿਕ ਤੇ ਜੀਵੰਤ ਹੋਣ ਦਾ ਭੁਲੇਖਾ ਸਿਰਜਦੇ ਹਨ ਸਗੋਂ ਮਲਵਈ ਭਾਸ਼ਾ ਦੀ ਨਾਟ-ਸੰਚਾਰ ਸਮਰੱਥਾ ਦੀਆਂ ਨਵੀਆਂ ਸੰਭਾਵਨਾਵਾਂ ਵੀ ਤਲਾਸ਼ਦੇ ਹਨ। ਨਾਟਕ ਵਿਚ ਲੋਕ-ਬੋਲੀ ਦੀ ਵਰਤੋਂ ਦੇ ਮਹੱਤਵ ਨੂੰ ਪਛਾਣਦੇ ਹੋਏ ਅਜਮੇਰ ਸਿੰਘ ਔਲਖ ਲਿਖਦਾ ਹੈ ਕਿ ਅਦਾਕਾਰ ਨੇ ਆਪਣੇ ਵਾਰਤਾਲਾਪ ਕਿਸੇ ਖ਼ਾਸ ਬੋਲੀ ਵਿਚ ਹੀ ਬੋਲਣੇ ਹੁੰਦੇ ਹਨ। ਪਰ ਜੇ ਇਹ ਬੋਲੀ ਆਪਣੇ ਸਭਿਆਚਾਰਕ ਤਾਣੇ-ਪੇਟੇ ਤੋਂ ਸੱਖਣੀ ਹੈ ਤਾਂ ਵਾਰਤਾਲਾਪ ਅਰਥਹੀਣ, ਬਣਾਵਟੀ ਤੇ ਓਪਰੀ ਜਾਪੇਗੀ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬੋਲੀ ਆਪਣੇ ਸਭਿਆਚਾਰ ਦੀ ਸਭ ਤੋਂ ਵੱਧ ਸਮਰੱਥ ਬੁਲਾਰੀ ਹੈ। ਇਹ ਆਪਣੇ ਖਿਤੇ ਦੇ ਲੋਕਾਂ ਦੀ ਅੰਤਰ-ਆਤਮਾ ਹੁੰਦੀ ਹੈ। ਇਸ ਵਿਚ ਉਹਨਾਂ ਦੀ ਜੀਵਨ-ਵਿਧੀ, ਜੀਵਨ-ਵਰਤਾਰੇ ਦਾ ਹਰ ਰਹੱਸ ਓਤਪੋਤ ਹੁੰਦਾ ਹੈ।"[3] ਸਪੱਸ਼ਟ ਹੈ,



Scanned with CamScanner

ਸਭਿਆਚਾਰਕ ਤਾਣੇ-ਪੇਟੇ ਨਾਲ ਬਣੀ ਹੋਈ ਲੋਕ-ਬੋਲੀ ਹੀ ਕਿਸੇ ਖਿੱਤੇ ਦੇ ਨਾਟਕ ਨੂੰ ਵਧੇਰੇ ਮਕਬੂਲ ਕਰਨ ਤੇ ਲੋਕ-ਸਮੂਹ ਨੂੰ ਨਾਟਕ ਰਾਹੀਂ ਸਭਿਆਚਾਰਕ ਸਿੱਖਿਆ ਦੇਣ ਦਾ ਦੂਹਰਾ ਕਾਰਜ ਕਰਦੀ ਹੈ। ਇਹੋ ਵਜ੍ਹਾ ਹੈ ਕਿ ਬਲਵੰਤ ਗਾਰਗੀ ਵੱਲੋਂ ਸਿਰਜੇ ਪਾਤਰਾਂ ਦੇ ਬੋਲਾਂ ਵਿਚ ਅਖਾਣਾਂ-ਮੁਹਾਵਰਿਆਂ ਦੀ ਵਰਤੋਂ ਕਾਰਨ ਜਿਹੜਾ ਮਲਵਈ ਲੋਕ-ਭਾਸ਼ਾ ਦਾ ਰੰਗ ਉਘੜਦਾ ਹੈ, ਉਸ ਲੋਕ ਰੰਗ ਨੂੰ ਵਿਭਿੰਨ ਪਰਤਾਂ ਸਮੇਤ ਪੇਸ਼ ਕਰਨ ਵਿਚ ਇਨ੍ਹਾਂ ਨਾਟਕਾਂ ਦੀ ਵਿਲੱਖਣਤਾ ਨਜ਼ਰ ਆਉਂਦੀ ਹੈ।

ਬਲਵੰਤ ਗਾਰਗੀ ਮਲਵਈ ਲੋਕ-ਭਾਸ਼ਾ ਤੇ ਪੇਂਡੂ ਠੇਠ-ਮੁਹਾਵਰੇ ਨੂੰ ਮਾਂਜ-ਸੰਵਾਰ ਕੇ ਆਪਣੇ ਨਾਟਕਾਂ ਵਿਚ ਵਰਤਣ ਦੇ ਯਤਨ ਹਿਤ ਜਿਥੇ ਕਾਵਿਕ ਰੰਗਤ ਦੇ ਕੇ ਪਾਤਰਾਂ ਦੇ ਮਘਦੇ ਹੋਏ ਜਜ਼ਬਿਆਂ ਦੇ ਵੇਗ ਨੂੰ ਕਲਾਤਮਿਕਤਾ ਦੀ ਪੁੱਠ ਚਾੜ੍ਹ ਦਿੰਦਾ ਹੈ ਉਥੇ ਇਸ ਭਾਸ਼ਾ ਦੀਆਂ ਨਾਟ-ਸੰਚਾਰ ਸੰਭਾਵਨਾਵਾਂ ਨੂੰ ਵੀ ਉਜਾਗਰ ਕਰ ਦਿੰਦਾ ਹੈ। ਉਹ ਆਪਣੇ ਨਾਟਕਾਂ ਦੀ ਭਾਸ਼ਾ ਨੂੰ ਸਾਧਾਰਨ ਪੇਂਡੂ ਲੋਕਾਂ ਦੇ ਪੱਧਰ ਦੀ ਬਣਾਉਣ ਲਈ ਮਾਲਵੇ ਦੇ ਪਿੰਡਾਂ ਵਿਚ ਵਸਦੀਆਂ ਵੱਖ-ਵੱਖ ਜਾਤੀਆਂ/ਕਬੀਲਿਆਂ ਦੀ ਲੋਕ-ਬੋਲੀ ਨੂੰ ਨਾਟਕ ਦੇ ਪਾਤਰਾਂ ਦੀ ਸਥਿਤੀ, ਕਿੱਤੇ ਤੇ ਹੈਸੀਅਤ ਮੁਤਾਬਕ ਪ੍ਰਯੋਗ ਕਰਦਾ ਹੈ। ਇਹੋ ਕਾਰਨ ਹੈ ਕਿ ਉਸ ਦੇ ਨਾਟਕਾਂ ਦੇ ਮਲਵਈ ਪੇਂਡੂ ਪਾਤਰ ਠੇਠ ਮਲਵਈ ਬੋਲੀ ਵਿਚ ਆਪਸੀ ਵਾਰਤਾਲਾਪ ਕਰਦੇ ਹਨ ਪਰੰਤੂ ਸ਼ਹਿਰੀ ਤੇ ਮਧਵਰਗੀ ਪਾਤਰ ਮਾਂਜੀ-ਸੰਵਾਰੀ ਹੋਈ ਟਕਸਾਲੀ ਪੰਜਾਬੀ (ਕੇਂਦਰੀ ਪੰਜਾਬੀ) ਬੋਲੀ ਵਿਚ ਵਾਰਤਾਲਾਪ ਕਰਦੇ ਹਨ। ਬਲਵੰਤ ਗਾਰਗੀ ਆਪਣੀ ਨਾਟ-ਭਾਸ਼ਾ ਬਾਰੇ ਲਿਖਦਾ ਹੈ ਕਿ ਬੇਬੇ ਮੈਂ 1913 ਵਿਚ ਮਲਵਈ ਵਿਚ ਲਿਖਿਆ। ਉਸ ਪਿੱਛੋਂ 'ਲੋਹਾ ਕੁੱਟ' ਲਿਖਿਆ ਤਾਂ ਇਸ ਦੀ ਬੋਲੀ ਤੇ ਮਹੌਲ ਮਾਲਵੇ ਦਾ ਸੀ ਪਰ ਜਿਥੇ ਸੰਤੀ ਜਜ਼ਬੇ ਵਿਚ ਭਰੀ ਆਪਣੇ ਅੰਤਰੀਵ ਭਾਵਾਂ ਨੂੰ ਪ੍ਰਗਟ ਕਰਦੀ ਹੈ ਤੇ ਨਾਟਕੀ ਸਿਖਰਾਂ ਨੂੰ ਛੋਂਹਦੀ ਹੈ ਉਥੇ ਜ਼ੁਬਾਨ ਭੜਕ ਕੇ ਦਘਣ ਲੱਗਦੀ ਹੈ, ਤੇ ਕਾਵਿਮਈ ਬਣ ਜਾਂਦੀ ਹੈ।... 'ਕੇਸਰੋ', 'ਬਿਸਵੇਦਾਰ', 'ਰਾਈ ਦਾ ਪਹਾੜ', 'ਨਵਾਂ ਮੁਢ', 'ਜੁਆਈ', 'ਦੋ ਅੰਨ੍ਹੇ', 'ਮੋਘਾ', 'ਤ੍ਰਕਾਲਾਂ', 'ਡੰਗੋਰੀ', ਵਿਚ ਮੈਂ ਮੋਟੀ ਠੁੱਲੀ ਮਲਵਈ ਦੀ ਵਰਤੋਂ ਕੀਤੀ ਹੈ ਕਿਉਂ ਕਿ ਇਹ ਪਾਤਰਾਂ ਦੇ ਸੁਭਾਅ ਤੇ ਉਹਨਾਂ ਦੇ ਨੈਣ ਨਕਸ਼ਾਂ ਨੂੰ ਵਧੇਰੇ ਚੰਗੀ ਤਰ੍ਹਾਂ ਉਘਾੜਦੀ ਹੈ। 'ਕਣਕ ਦੀ ਬੱਲੀ' (1954) ਦੀ ਫੱਫੇ ਕੁਟਣੀ ਤਾਬਾਂ, ਝੰਡੂ ਤੇ ਮੱਘਰ ਦੀ ਜ਼ਬਾਨ ਨੂੰ ਵੀ ਮਲਵਈ ਪੁੱਠ ਦਿੱਤੀ ਹੈ, ਪਰ ਤਾਰੋ, ਨਰੈਣਾ ਤੇ ਬਚਨੇ ਦੀ ਜ਼ਬਾਨ ਸਰੋਦੀ ਤੇ ਰੁਮਾਂਚਕ ਹੈ। ... ਇਸੇ ਤਰ੍ਹਾਂ ਮੈਂ 'ਕਣਕ ਦੀ ਬੱਲੀ', 'ਸੁਲਤਾਨ ਰਜ਼ੀਆ' (1972), 'ਧੂਣੀ ਦੀ ਅੱਗ' (1968) 'ਸੌਂਕਣ' (1980) ਤੇ ਅਭਿਸਾਰਿਕਾ (1993) ਦੀ ਜ਼ਬਾਨ ਨੂੰ ਬਲਦੇ ਵੇਗ ਦਾ ਸ਼ੇਕ ਦੇ ਕੇ ਪਾਤਰਾਂ ਦੇ ਦੁਖਾਂਤ ਨੂੰ ਪ੍ਰਜਵਲਿਤ ਕੀਤਾ ਹੈ।"[4] ਇਸ ਤਰ੍ਹਾਂ

ਬਲਵੰਤ ਗਾਰਗੀ ਆਪਣੇ ਨਾਟਕਾਂ ਵਿਚਲੇ ਵਾਤਾਵਰਣ ਅਤੇ ਪਾਤਰਾਂ ਦੀਆਂ ਅੰਦਰੂਨੀ ਤੇ ਬਹਿਰੂਨੀ ਸਥਿਤੀਆਂ ਮੁਤਾਬਿਕ ਭਾਸ਼ਾ ਵਿਚ ਤਬਦੀਲੀ ਕਰਦਾ ਰਹਿੰਦਾ ਹੈ। ਇਹੋ ਵਜ੍ਹਾ ਹੈ ਕਿ ਉਹ ਕਿਸੇ ਇਕ ਭਾਸ਼ਾਈ ਚੌਖਟੇ ਨੂੰ ਆਪਣੇ ਨਾਟਕਾਂ ਦੀ ਸੀਮਾਂ ਨਹੀਂ ਬਣਾਉਂਦਾ ਸਗੋਂ ਲੋੜ ਅਤੇ ਸਮਰੱਥਾ ਅਨੁਸਾਰ ਇਸ ਸੀਮਾਂ ਤੋਂ ਪਾਰ ਵੀ ਚਲਾ ਜਾਂਦਾ ਹੈ। ਇਹੋ ਕਾਰਨ ਹੈ ਜਦੋਂ ਉਸ ਦੇ ਪਾਤਰ ਮਾਨਸਿਕ ਸੰਘਰਸ਼ ਵਿਚੋਂ ਗੁਜ਼ਰ ਰਹੇ ਹੁੰਦੇ ਹਨ ਜਾਂ ਜਜ਼ਬਿਆਂ ਦੇ ਵੇਗ ਵਿਚ ਵਹਿ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੀ ਭਾਸ਼ਾ ਕਾਵਿਮਈ ਤੇ ਸਰੋਦੀ ਹੋ ਜਾਂਦੀ ਹੈ। ਇਸ ਸੰਦਰਭ ਵਿਚ ਬਲਵੰਤ ਗਾਰਗੀ ਦੀ ਇਹ ਧਾਰਨਾ ਦਰੁਸਤ ਨਜ਼ਰ ਆਉਂਦੀ ਹੈ ਕਿ ਨਾਟਕ ਵਿਚ ਕਈ ਥਾਂ ਅਸੀਂ ਪੰਘਰੇ ਹੋਏ ਜਜ਼ਬਿਆਂ ਦਾ ਰਸ ਨਚੋੜਨਾ ਚਾਹੁੰਦੇ ਹਾਂ। ਅਜਿਹੇ ਥਾਂ ਕਵਿਤਾਮਈ ਬੋਲਾਂ ਦੇ ਡੂੰਘੇ ਅਸਰ ਨੂੰ ਵਰਤਣਾ ਜਾਇਜ਼ ਹੈ। ਕਈ ਵਾਰ ਵੇਗ ਵਿਚ ਦਗਦੇ ਹੋਏ ਸ਼ਬਦ ਖੁਦ ਹੀ ਕਵਿਤਾ ਦਾ ਰੂਪ ਧਾਰ ਲੈਂਦੇ ਹਨ।[5] ਇਸ ਤਰ੍ਹਾਂ ਬਲਵੰਤ ਗਾਰਗੀ ਆਪਣੇ ਪਾਤਰਾਂ ਦੇ ਧੁਰ-ਅੰਦਰੋਂ ਉਠ ਰਹੇ ਭਾਵਾਂ ਨੂੰ ਵਧੇਰੇ ਪ੍ਰਭਾਵੀ ਬਣਾਉਣ ਲਈ ਕਾਵਿਕ ਤੇ ਸਰੋਦੀ ਭਾਸ਼ਾ ਦੀ ਸਿਰਜਣਾ ਕਰਦਾ ਹੋਇਆ ਕੇਂਦਰੀ ਪੰਜਾਬੀ ਦੇ ਵਧੇਰੇ ਨੇੜੇ ਚਲਾ ਜਾਂਦਾ ਹੈ ਤੇ ਮਾਲਵੇ ਦੀ ਪੇਂਡੂ ਲਹਿਜੇ ਵਾਲੀ ਮਲਵਈ ਬੋਲੀ ਤੋਂ ਵਿੱਥ ਥਾਪ ਲੈਂਦਾ ਹੈ। ਬੇਸ਼ਕ ਬਲਵੰਤ ਗਾਰਗੀ ਮਾਲਵੇ ਦੇ ਪੇਂਡੂ ਸਭਿਆਚਾਰ ਵਿਚ ਵਿਚਰਦੀਆਂ ਵਿਭਿੰਨ ਸ਼੍ਰੇਣੀਆਂ/ਜਾਤੀਆਂ/ਕਬੀਲਿਆਂ ਦੀ ਭਾਸ਼ਾਈ ਠੇਠਤਾ ਦਾ ਮਾਹਿਰ ਨਾਟਕਕਾਰ ਹੈ ਪਰੰਤੂ ਜਦੋਂ ਉਹ ਆਪਣੇ ਨਾਟਕਾਂ ਦੀਆਂ ਪਾਤਰ ਔਰਤਾਂ ਦੀਆਂ ਮਾਨਸਿਕ ਖਿਚੋਤਾਣਾਂ ਨੂੰ ਅਗਰਭੂਮੀ 'ਤੇ ਲਿਆਉਣ ਦੇ ਆਹਰ ਵਿਚ ਪੈਂਦਾ ਹੈ ਤਾਂ ਅਵਚੇਤਨ ਦੀ ਭਾਸ਼ਾ ਕਾਵਿਕ ਪ੍ਰਗਟਾਅ ਲੈ ਲੈਂਦੀ ਹੈ। ਬਲਵੰਤ ਗਾਰਗੀ ਦੀ ਨਾਟ-ਭਾਸ਼ਾ ਬਾਰੇ ਡਾ. ਗੁਰਭਗਤ ਸਿੰਘ ਲਿਖਦਾ ਹੈ ਕਿ ਬਲਵੰਤ ਗਾਰਗੀ ਦੇ ਬਹੁਤੇ ਨਾਟਕ ਭਾਸ਼ਾਈ ਜਾਦੂ ਨਾਲ ਕੀਲਣ ਵਾਲੇ ਹਨ। ਗਾਰਗੀ ਕਿਸੇ ਕੇਂਦਰੀ ਦਵੰਦ ਨਾਲੋਂ ਚਮਕੀਲੀ ਅਤੇ ਕਾਵਿਮਈ ਭਾਸ਼ਾ ਵਰਤਣ ਉਤੇ ਵੱਧ ਬਲ ਦਿੰਦਾ ਰਿਹਾ ਹੈ। ਇਸ ਲਈ ਉਸ ਦੇ ਪਾਤਰ ਕਿਸੇ ਤੀਖਣ ਦਵੰਦ ਵਿਚੋਂ ਨਿਸਰਨ ਦੀ ਥਾਂ ਭਾਸ਼ਾਈ ਟਕਰਾਵਾਂ ਵਿਚੋਂ ਉਪਜੇ ਚੰਗਿਆੜੇ ਨਜ਼ਰ ਆਉਂਦੇ ਹਨ ਜੋ ਆਪਣੀਆਂ ਡੂੰਘਾਈਆਂ ਘੱਟ ਰੱਖਦੇ ਹਨ। ਉਹ ਭਾਸ਼ਾ ਦੇ ਮਨ-ਪ੍ਰਭਾਵ ਤੋਂ ਵਧੇਰੇ ਕੰਮ ਲੈਂਦਾ ਹੈ ਅਤੇ ਉਸ ਪ੍ਰਕਾਰ ਦਾ ਨਾਟਕ ਸਿਰਜਣ ਲਗਦਾ ਹੈ ਜਿਸ ਨੂੰ ਆਰਤੂ ਪੱਛਮੀ ਤੇ ਮਨੋਵਿਗਿਆਨਕ ਆਖਦਾ ਹੈ।[6] ਇਉਂ ਆਪਣੇ ਨਾਟਕਾਂ ਵਿਚ ਮਲਵਈ ਭਾਸ਼ਾ ਨੂੰ ਆਪਣੀ ਰੁਚੀ ਅਤੇ ਸਮਰੱਥਾ ਅਨੁਸਾਰ ਮਲਵਈ ਸਭਿਆਚਾਰ ਨੂੰ ਸੰਚਾਰਤ ਕਰਨ ਲਈ ਨਾਟ-ਜੁਗਤ ਵਜੋਂ ਵਰਤਣ ਹਿੱਤ ਬਲਵੰਤ ਗਾਰਗੀ ਮਲਵਈ ਲੋਕਾਂ ਦੀ ਵਿਹਾਰਕ ਜੀਵਨ ਦੀ ਭਾਸ਼ਾ ਦੇ ਨਾਲ-ਨਾਲ ਉਨ੍ਹਾਂ ਦੇ ਅਵਚੇਤਨ ਦੀ ਡਾਇਰੈਕਟ ਭਾਸ਼ਾ ਨੂੰ ਸਿਰਜਣ ਵਾਲਾ ਮਨੋਵਿਗਿਆਨਕ-



Scanned with CamScanner

ਯਥਾਰਥਵਾਦੀ ਨਾਟਕਕਾਰ ਬਣਦਾ ਹੈ। ਬਲਵੰਤ ਗਾਰਗੀ ਦੇ ਨਾਟਕਾਂ ਵਿਚ ਨਾਟ-ਜੁਗਤ ਵਜੋਂ ਪੇਸ਼ ਹੋਈ ਅਵਚੇਤਨ ਦੀ ਡਾਇਰੈਕਟ ਭਾਸ਼ਾ ਨੂੰ ਪਛਾਣਦੇ ਹੋਏ ਡਾ. ਸਤਿੰਦਰ ਸਿੰਘ ਨੂਰ ਲਿਖਦਾ ਹੈ ਕਿ ਸੈਕਸ ਤੇ ਵਾਇਲਸੰ ਦਾ ਸੰਯੁਕਤ ਰੂਪ ਮਨੁੱਖੀ ਰਿਸ਼ਤਿਆਂ ਦੀ ਸਥਿਤੀ ਵਿਚ ਕਿਵੇਂ ਧਸਿਆ ਹੋਇਆ ਹੈ, ਗਾਰਗੀ ਉਸ ਨੂੰ ਬਿਆਨ ਕਰਨ ਲਈ ਡਾਇਰੈਕਟ ਭਾਸ਼ਾ ਦੀ ਚੋਣ ਕਰਦਾ ਹੈ। ਅਵਚੇਤਨ ਵਿਚ ਇਸ ਸਥਿਤੀ ਦੀ ਪਈ ਭਾਸ਼ਾ ਪਰਦਿਆਂ ਤੋਂ ਬਿਨ੍ਹਾਂ ਹੁੰਦੀ ਹੈ। ਗਾਰਗੀ ਅਵਚੇਤਨ ਦੀ ਇਸ ਭਾਸ਼ਾ ਤੇ ਨਾਟਕੀ ਕਲਾ ਦਾ ਮਾਹਿਰ ਹੈ।[7] ਅਵਚੇਤਨ ਦੀ ਇਸ ਡਾਇਰੈਕਟ ਭਾਸ਼ਾ ਨੂੰ ਬਲਵੰਤ ਗਾਰਗੀ ਦੇ ਨਾਟਕ 'ਸੌਕਣ' ਅਤੇ 'ਧੂਣੀ ਦੀ ਅੱਗ' ਵਿਚੋਂ ਸਪੱਸ਼ਟ ਪਛਾਣਿਆ ਜਾ ਸਕਦਾ ਹੈ।

ਬਲਵੰਤ ਗਾਰਗੀ ਆਪਣੇ ਨਾਟਕਾਂ ਵਿਚ ਸਭਿਆਚਾਰਕ ਵਰਤਾਰਿਆਂ ਦੇ ਸੰਕੇਤਕ ਤੇ ਚਿਨ੍ਹਾਤਮਕ ਅਰਥਾਂ ਦੇ ਸੰਚਾਰ ਲਈ ਦੋ-ਅਰਥੀ ਭਾਸ਼ਾ ਦਾ ਪ੍ਰਯੋਗ ਵੀ ਨਾਟ-ਜੁਗਤ ਵਜੋਂ ਕਰਦਾ ਹੈ। ਬਲਵੰਤ ਗਾਰਗੀ ਦੇ ਨਾਟਕ ਸਥਾਪਤ ਸਭਿਆਚਾਰਕ ਚਿਹਨ-ਪ੍ਰਬੰਧ ਦਾ ਭੰਜਨ ਕਰਦੇ ਹਨ, ਇਸ ਲਈ ਦੋ-ਅਰਥੀ ਭਾਸ਼ਾ ਦਾ ਨੁਕਤਾ ਇਨ੍ਹਾਂ ਨਾਟਕਾਂ ਨੂੰ ਵਧੇਰੇ ਰਾਸ ਆਉਂਦਾ ਹੈ। ਇਸ ਦੋ-ਅਰਥੀ ਜਾਂ ਬਹੁ-ਅਰਥੀ ਭਾਸ਼ਾ ਦੀ ਵਰਤੋਂ ਤੋਂ ਬਲਵੰਤ ਗਾਰਗੀ ਦਾ ਇਹ ਆਸਾ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਸਧਾਰਨ ਅਤੇ ਸੂਝਵਾਨ, ਦੋਨੋਂ ਤਰ੍ਹਾਂ ਦੇ ਪਾਠਕਾਂ/ਦਰਸ਼ਕਾਂ ਨੂੰ ਸਭਿਆਚਾਰਕ ਚੇਤਨਾ ਪ੍ਰਦਾਨ ਕਰਨਾ ਚਾਹੁੰਦਾ ਹੈ। ਨਿਰਸੰਦੇਹ ਉਹ ਇਸ ਆਸ਼ੇ ਵਿਚ ਕਾਮਯਾਬ ਵੀ ਹੁੰਦਾ ਹੈ। ਅਸਲ ਵਿਚ "ਨਾਟਕਕਾਰ ਦੋ-ਅਰਥੀ ਵਾਰਤਾਲਾਪ ਇਸ ਲਈ ਵੀ ਵਰਤਦਾ ਹੈ ਕਿਉਂਕਿ ਉਸ ਨੇ ਦੋ ਤਰ੍ਹਾਂ ਦੇ ਦਰਸ਼ਕਾਂ ਨੂੰ ਸੰਬੋਧਨ ਕਰਨਾ ਹੁੰਦਾ ਹੈ। ਇਕ ਉਹ ਦਰਸ਼ਕ ਹੁੰਦੇ ਹਨ ਜੋ ਸੂਖਮ ਗੱਲਾਂ ਨੂੰ ਸਮਝ ਸਕਦੇ ਹਨ ਤੇ ਉਸ ਦੀ ਪ੍ਰਸੰਸਾ ਵੀ ਕਰ ਸਕਦੇ ਹਨ। ਇਕ ਉਹ ਦਰਸ਼ਕ ਹੁੰਦੇ ਹਨ ਜੋ ਮੋਟੀਆਂ ਠੁਲੀਆਂ ਸਥੂਲ ਗੱਲਾਂ ਹੀ ਪਸੰਦ ਕਰਦੇ ਹਨ। ਚੰਗਾ ਨਾਟਕਕਾਰ ਇਹੋ ਜਿਹੇ ਵਾਕ ਵਰਤਣ ਦੀ ਕੋਸ਼ਿਸ਼ ਕਰੇਗਾ ਜੋ ਉੱਪਰੀ ਨਜ਼ਰ ਨਾਲ ਮੋਟੇ ਤੇ ਸਥੂਲ ਹੀ ਜਾਪਣ ਪਰ ਸਿਆਣੇ ਦਰਸ਼ਕਾਂ ਨੂੰ ਉਹੋ ਵਾਕ ਸੂਖ਼ਮ ਤੇ ਅਰਥ-ਭਰਪੂਰ ਲਗਣ। ਇਸ ਤਰ੍ਹਾਂ ਦੋਵੇਂ ਤਰ੍ਹਾਂ ਦੇ ਦਰਸ਼ਕਾਂ ਦੀ ਤਸੱਲੀ ਹੋ ਜਾਂਦੀ ਹੈ।"[8] ਇਸ ਤਰ੍ਹਾਂ ਬਲਵੰਤ ਗਾਰਗੀ ਇਨ੍ਹਾਂ ਦੋਵੇਂ ਤਰ੍ਹਾਂ ਦੇ ਦਰਸ਼ਕਾਂ/ਪਾਠਕਾਂ ਦੀ ਸਮਾਜ-ਸਭਿਆਚਾਰਕ ਚੇਤਨਾ ਨੂੰ ਧਿਆਨ ਵਿਚ ਰੱਖ ਕੇ ਹੀ ਆਪਣੇ ਨਾਟਕਾਂ ਵਿਚ ਦੋ-ਅਰਥੀ ਭਾਸ਼ਾ ਦਾ ਪ੍ਰਯੋਗ ਨਾਟ-ਜਗਤ ਵਜੋਂ ਕਰਦਾ ਹੈ। ਉਸ ਦੇ ਲਗਭਗ ਸਾਰੇ ਨਾਟਕਾਂ ਵਿਚੋਂ ਇਸ ਦੋ-ਅਰਥੀ ਭਾਸ਼ਾ ਨੂੰ ਕਈ ਪੱਧਰਾਂ 'ਤੇ ਕਾਰਜਸ਼ੀਲ ਵੇਖਿਆ ਜਾ ਸਕਦਾ ਹੈ। ਮਿਸਾਲ ਵਜੋਂ ਉਸ ਦੇ ਨਾਟਕ 'ਲੋਹਾ ਕੁੱਟ' ਦੀ ਪਾਤਰ 'ਬੈਣੋ' ਵੱਲੋਂ ਬੋਲੇ ਇਹਨਾਂ ਬੋਲਾਂ ਵਿਚੋਂ ਦੋ-ਅਰਥੀ ਭਾਸ਼ਾ ਨੂੰ ਸਪੱਸ਼ਟ



Scanned with CamScanner

ਪਛਾਣਿਆ ਜਾ ਸਕਦਾ ਹੈ:

> ਬੈਣੋ: ਮੈਂ ਵਾੜੇ ਵਿਚ ਹੀ ਸਾਂ। ਕਿੱਲੇ ਨਾਲੋਂ ਵੱਛਾ ਛੱਡਿਆ ਤਾਂ ਉਸ ਨੇ ਢੁੱਡਾਂ ਮਾਰ ਕੇ ਗਾਂ ਨੂੰ ਪਸਮਾ ਲਿਆ ਤੇ ਦੁੱਧ ਚੁਘਣ ਲੱਗਾ। ਮੈਂ ਨਿਆਣਾ ਪਾ ਕੇ ਉਸ ਦੇ ਥਣ ਧੋਤੇ। ਵੱਛੇ ਨੂੰ ਧੂਹ ਕੇ ਕਿੱਲੇ ਨਾਲ ਬੰਨਿਆ ਤੇ ਦੁੱਧ ਚੋਣ ਬੈਠ ਗਈ।
>
> (ਲੋਹਾ ਕੁੱਟ, ਪੰਨਾ 22)

ਜ਼ਾਹਿਰ ਹੈ, ਸਧਾਰਨ ਪਾਠਕ/ਦਰਸ਼ਕ ਲਈ ਇਹ ਬੋਲ ਮਲਵਈ ਸਭਿਆਚਾਰ ਦੇ ਪੇਂਡੂ ਸਮਾਜਚਾਰੇ ਵਿਚ ਵਸਦੇ ਕਿਸੇ ਵੀ ਪਰਿਵਾਰ ਦੀ ਧੀ ਵੱਲੋਂ ਲਵੇਰੀ ਗਾਂ ਨੂੰ ਚੋਣ ਸਮੇਂ ਦੀਆਂ ਕਿਰਿਆਵਾਂ ਦਾ ਸ਼ਾਬਦਿਕ ਚਿਤਰਣ ਹੀ ਹਨ। ਜਦੋਂ ਕੋਈ ਸੂਝਵਾਨ ਪਾਠਕ/ਦਰਸ਼ਕ 'ਬੈਣੋ' ਦੇ ਇਹਨਾਂ ਬੋਲਾਂ ਨੂੰ ਸਮਝਣ ਦੀ ਕਿਰਿਆ ਵਿਚ ਪੈਂਦਾ ਹੈ ਤਾਂ ਉਸ ਲਈ ਇਨ੍ਹਾਂ ਦੇ ਇਹ ਅਰਥ ਨਹੀਂ ਹੋਣਗੇ। ਉਹ ਇਨ੍ਹਾਂ ਬੋਲਾਂ ਦੇ ਅਰਥਾਂ ਨੂੰ ਨਾਟਕ ਦੇ ਸਮੁੱਚ ਵਿਚੋਂ ਉਭਰਦੇ ਸਭਿਆਚਾਰਕ ਪਰਿਪੇਖ ਵਿਚੋਂ ਤਲਾਸ਼ਣ ਦਾ ਯਤਨ ਕਰਦਾ ਹੈ। ਉਸ ਨੂੰ ਇਨ੍ਹਾਂ ਬੋਲਾਂ ਦੇ ਅਰਥ 'ਬੈਣੋ' ਦੇ ਚੋਰੀਂ ਵਾੜੇ ਵਿਚ ਆਪਣੇ ਪ੍ਰੇਮੀ 'ਸਬਰਣ' ਨੂੰ ਮਿਲਣ ਸਮੇਂ ਦੇ ਕਾਮੁਕ ਵੇਗ ਵਿਚ ਨਿਹਿਤ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਦੀ ਦੂਹਰੇ ਅਰਥਾਂ ਵਾਲੀ ਭਾਸ਼ਾ ਨੂੰ ਨਾਟਕਾਂ ਵਿਚ ਵਰਤਣ ਕਾਰਨ ਬਲਵੰਤ ਗਾਰਗੀ ਪੰਜਾਬੀ ਨਾਟ-ਜਗਤ ਵਿਚ ਵਿਲੱਖਣ ਪਛਾਣ ਸਥਾਪਤ ਕਰਦਾ ਹੈ।

ਇਉਂ ਬਲਵੰਤ ਗਾਰਗੀ ਮਲਵਈ ਸਮਾਜ-ਸਭਿਆਚਾਰਕ ਜੀਵਨ ਵਰਤਾਰੇ ਨਾਲ ਸੰਬੰਧਤ ਨਾਟਕਾਂ ਵਿਚ ਪੇਸ਼ ਹੋ ਰਹੇ ਵੱਖ-ਵੱਖ ਜਾਤਾਂ ਤੇ ਜਮਾਤਾਂ ਦੇ ਪਾਤਰਾਂ ਦੀ ਪੇਂਡੂ ਲੋਕ-ਬੋਲੀ ਅਤੇ ਲਹਿਜੇ ਵਿਚ ਹੀ ਉਨ੍ਹਾਂ ਤੋਂ ਗਲਬਾਤ ਕਰਵਾਉਣ ਕਰਕੇ ਅਤੇ ਉਸ ਵਿਚ ਦੋ-ਅਰਥਤਾ ਭਰ ਕੇ ਮਲਵਈ ਪੇਂਡੂ ਜ਼ੁਬਾਨ ਦਾ ਸ਼ਾਹਸਵਾਰ ਨਜ਼ਰ ਆਉਂਦਾ ਹੈ ਪਰੰਤੂ ਜਦੋਂ ਉਹ ਸ਼ਹਿਰੀ ਮੱਧ-ਵਰਗ ਦੇ ਜੀਵਨ ਯਥਾਰਥ ਦੇ ਖ਼ਾਸਕਰ ਔਰਤ ਦੇ ਅਵਚੇਤਨ ਦੀਆਂ ਗੰਢਾਂ ਖੋਲ੍ਹਣ ਲੱਗਦਾ ਹੈ ਤਾਂ ਉਸ ਦੇ ਨਾਟਕਾਂ ਦੀ ਭਾਸ਼ਾ ਕੇਂਦਰੀ ਪੰਜਾਬੀ ਦੇ ਵਧੇਰੇ ਨੇੜੇ ਪਹੁੰਚਦੀ ਹੋਈ ਕਾਵਿਕ ਮੁਹਾਂਦਰਾ ਅਖਤਿਆਰ ਕਰ ਲੈਂਦੀ ਹੈ। ਉਸ ਦੇ ਨਾਟਕਾਂ ਵਿਚ ਲੋਕ-ਧਾਰਾਈ ਵਿਰਸੇ ਵਿਚਲੇ ਲੋਕ-ਕਿੱਤਿਆਂ, ਸੰਦਾਂ, ਪਹਿਰਾਵਿਆਂ, ਮੇਲਿਆਂ, ਡੇਰਿਆਂ, ਬਾਬਿਆਂ, ਸਾਧਾਂ, ਚੇਲਿਆਂ, ਰਹੁ-ਰੀਤਾਂ, ਵਿਸ਼ਵਾਸਾਂ, ਜਾਦੂ-ਟੂਣਿਆਂ ਆਦਿ ਨਾਲ ਸਬੰਧਤ ਸ਼ਬਦਾਵਲੀ ਦੀ ਵਰਤੋਂ ਉਸ ਨੂੰ ਨਾਟ-ਭਾਸ਼ਾ ਦੇ ਵਿਲੱਖਣ ਸ਼ਿਲਪਕਾਰ ਵਜੋਂ ਸਥਾਪਤ ਕਰਦੀ ਹੈ।



Scanned with CamScanner

**ਟਿੱਪਣੀਆਂ ਅਤੇ ਹਵਾਲੇ**


1. ਹਰਜਿੰਦਰ ਸਿੰਘ, ਬਲਵੰਤ ਗਾਰਗੀ ਅਤੇ ਅਜਮੇਰ ਸਿੰਘ ਔਲਖ ਦੇ ਨਾਟਕ: ਤੁਲਨਾਤਮਿਕ ਅਧਿਐਨ, ਪੰਨਾ-103
2. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟ-ਸ਼ਾਸਤਰ, ਪੰਨਾ-70
3. ਅਜਮੇਰ ਸਿੰਘ ਔਲਖ, "ਸਭਿਆਚਾਰ ਤੇ ਰੰਗਮੰਚ", ਪੰਜਾਬੀ ਨਾਟਕ ਤੇ ਰੰਗਮੰਚ: ਵਿਕਾਸ ਦੀਆਂ ਸਮੱਸਿਆਵਾਂ, ਪੰਨਾ-56
4. ਬਲਵੰਤ ਗਾਰਗੀ, ਲੋਹਾ ਕੁੱਟ, ਪੰਨਾ 12-13
5. ਬਲਵੰਤ ਗਾਰਗੀ, ਕਣਕ ਦੀ ਬੱਲੀ, ਪੰਨਾ-09
6. ਗੁਰਭਗਤ ਸਿੰਘ, 'ਪੰਜਾਬੀ ਨਾਟਕ ਅਤੇ ਥੀਏਟਰ ਬਾਰੇ ਕੁਝ ਮੁਢਲੇ ਵਿਚਾਰ', ਮੰਚਣ, ਪੰਨਾ-45
7. ਸਤਿੰਦਰ ਸਿੰਘ ਨੂਰ, "ਪੰਜਾਬੀ ਨਾਟਕ ਵਿਚ ਸੈਕਸ ਅਤੇ ਵਾਇਲੰਸ", ਬਲਵੰਤ ਗਾਰਗੀ ਦੀਆਂ ਨਾਟ-ਜੁਗਤਾਂ, ਪੰਨਾ-28
8. ਹਰਚਰਨ ਸਿੰਘ, ਨਾਟਕ ਕਲਾ, ਪੰਨਾ-76



**ਡਾ. ਹਰਜਿੰਦਰ ਸਿੰਘ**

ਪੰਜਾਬੀ ਅਤੇ ਡੋਗਰੀ ਵਿਭਾਗ

ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ,

ਧਰਮਸ਼ਾਲਾ




Scanned with CamScanner